# Bhagat Singh essay in punjabi | Download PDF

ਅੱਜ ਅਮੀਂ ਤੁਹਾਡੇ ਲਈ ਲੈ ਕੇ ਆਏ ਹਾਂ ਲੇਖ ਮ਼ਹੀਦ ਭਗਤ ਮਿੰਘ (Bhagat singh essay in punjabi). ਮ਼ਹੀਦ ਭਗਤ ਮਿੰਘ ਜੀ ਦੇਸ਼ ਦੇ ਮਿਰਲੱਥ ਆਜ਼ਾਦੀ ਘੁਲਾਟੀਆਂ ਵਿੱਚੋਂ ਇੱਕ ਮਨ। ਆਓ ਅੱਜ ਉਹਨਾਂ ਬਾਰੇ ਜਾਣਦੇ ਹਾਂ।

---

**ਮ਼ਹੀਦ ਭਗਤ ਮਿੰਘ**



**ਜਨਮ ਤੇ ਵਿਰਮਾ-** ਭਗਤ ਮਿੰਘ ਦਾ ਜਨਮ 27 ਮਤੰਬਰ, 1907 ਈਮਵੀ ਨੂੰ ਚੱਕ ਨੰਬਰ 105 , ਜ਼ਿਲਾ ਲਾਇਲਪੁਰ ਵਿੱਚ ਹੋਇਆ । ਮ : ਭਗਤ ਮਿੰਘ ਦੇ ਪਿਤਾ ਕਿਸ਼ਨ ਮਿੰਘ ਮਨ, ਜੋ ਕਿ ਕਾਂਗਰਮ ਦਾ ਉੱਘਾ ਲੀਡਰ ਮੀ । ਉਮ ਦੀ ਮਾਤਾ ਦਾ ਨਾਮ ਵਿੱਦਿਆਵਤੀ ਮੀ । ਖਟਕੜ ਕਲਾਂ (ਜ਼ਿਲਾ ਜਲੰਧਰ) ਉਮ ਦਾ ਜੱਦੀ ਪਿੰਡ ਮੀ । ਪਿੰਡ ਦੇ ਮਕੂਲ ਤੋਂ ਪ੍ਰਾਇਮਰੀ ਪਾਮ ਕਰਕੇ ਉਹ ' ਤੋਂ ਡੀ . ਏ . ਵੀ ਮਕੂਲ ਲਾਹੌਰ ਵਿੱਚ ਦਾਖਲ ਹੋਇਆ । ਦੇਸ਼ ਭਗਤੀ ਦੀ ਲਗਨ-ਬਚਪਨ ਵਿੱਚ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਕਾਂਡ ਨੇ ਉਮ ਦੇ ਮਨ ਤੇ ਬਹੁਤ ਅਮਰ ਪਾਇਆ । ਪਗੜੀ ਸੰਭਾਲ ਓ ਜੱਟਾ ਲਹਿਰ ਦਾ ਪ੍ਰਮਿੱਧ ਆਗੂ ਮ : ਅਜੀਤ ਮਿੰਘ ਜਲਾਵਤਨ ਉਮ ਦਾ ਚਾਚਾ ਮੀ। ਨੈਸ਼ਨਲ ਕਾਲਜ ਲਾਹੌਰ ਵਿੱਚ ਇੱਕ ਪਾਮੇ ਗੁਰਦੁਆਰਾ ਲਹਿਰ ਤੇ ਦੂਜੇ ਪਾਮੇ ਗਾਂਧੀ ਜੀ ਦੀ ਨਾ - ਮਿਲਵਰਤਨ ਲਹਿਰ ਚਲ ਪਈ । ਉਮ ਮਮੇਂ ਭਗਤ ਮਿੰਘ ਨੈਸ਼ਨਲ ਕਾਲਜ ਲਾਹੌਰ ਵਿੱ ਪੜ੍ਹਦਾ ਮੀ । ਉੱਥੇ ਹੀ ਉਮ ਦਾ ਮੇਲ ਮੁਖਦੇਵ ਨਾਲ ਹੋਇਆ। 1925 ਵਿੱਚ ਮ : ਭਗਤ ਮਿੰਘ, ਮੁਖਦੇਵ, ਭਗਵਤੀ ਚਰਨ ਤੇ ਪਨਵੰਤੀ ਆਦਿ ਨੇ ਨੌਜਵਾਨ ਭਾਰਤ ਮਭਾ ' ਬਣਾਈ ਤੇ ਅੰਗਰੇਜ਼ਾਂ ਵਿਰੁੱਧ ਘੋਲ ਆਰੰਭ ਕਰ ਦਿੱਤਾ।



**Shaheed Bhagat Singh's Original Picture**

**ਸਾਂਡਰਸ ਨੂੰ ਮਾਰਨਾ-** ਸ : ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਲਾਲਾ ਲਾਜਪਤ ਰਾਏ ਦੇ ਕਾਤਲ ਮਿ: ਸਕਾਟ ਨੂੰ ਮਾਰਨ ਦਾ ਫੈਸਲਾ ਕੀਤਾ ਇਸ ਸਮੇਂ ਸਕਾਟ ਦੀ ਥਾਂ ਸਾਂਡਰਸ ਮੋਟਰ ਸਾਈਕਲ ਉੱਪਰ ਜਾ ਰਿਹਾ ਸੀ । ਸਾਂਡਰਸ ਰਾਜਗੁਰੂ ਤੇ ਭਗਤ ਸਿੰਘ ਦੀਆਂ ਗੋਲੀਆਂ ਨਾਲ ਚਿੱਤ ਹੋ ਗਿਆ । ਉਹ ਗੋਲੀਆਂ ਚਲਾਉਂਦੇ ਹੋਏ ਬੱਚ ਕੇ ਨਿਕਲ ਗਏ । ਉਹਨਾਂ ਦੇ ਜਾਣ ਤੋਂ ਬਾਅਦ ਪੁਲਿਸ ਨੂੰ ਕੁਝ ਇਸ਼ਤਿਹਾਰ ਖਿਲਰੇ ਹੋਏ ਮਿਲੇ ਜਿਸ ਵਿੱਚ ਭਗਤ ਸਿੰਘ ਹੋਰਾਂ ਨੇ ਸਾਂਡਰਸ ਦੇ ਕਤਲ ਦਾ ਕਾਰਨ ਸਪਸ਼ਟ ਕੀਤਾ ਸੀ ਉਸੇ ਰਾਤ ਭਗਤ ਸਿੰਘ ਤੇ ਰਾਜਗੁਰੂ ਕਲਕੱਤੇ ਲਈ ਗੱਡੀ ਚੜ੍ਹ ਗਏ । ਉਹਨਾਂ ਨਾਲ ਭਗਵਤੀ ਚਰਨ ਦੀ ਪਤਨੀ ਤੇ ਉਸ ਦਾ ਤਿੰਨ ਕੁ ਸਾਲ ਦਾ ਲੜਕਾ ਸਚਿੰਦਰ ਵੀ ਸੀ ।

**ਅਸੈਂਬਲੀ ਵਿੱਚ ਬੰਬ-** ਫਿਰ ਭਗਤ ਸਿੰਘ ਦੀ ਪਾਰਟੀ ਨੇ ਦਿੱਲੀ ਦੀ ਵੱਡੀ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਪ੍ਰੋਗਰਾਮ ਬਣਾਇਆ । ਬੰਬ ਸੁੱਟਣ ਦੀ ਡਿਊਟੀ ਭਗਤ ਸਿੰਘ ਤੇ ਬੀ . ਕੇ . ਦੱਤ ਦੀ ਲੱਗੀ ਸੀ । 8 ਅਪ੍ਰੈਲ, 1929 ਨੂੰ ਵਾਇਸਰਾਏ ਨੇ ਅਸੈਂਬਲੀ ਦੇ ਰੱਦ ਕੀਤੇ ਲੋਕ - ਦੁਸ਼ਮਣ ਬਿੱਲਾਂ ਨੂੰ ਆਪਣੇ ਖ਼ਾਸ ਅਧਿਕਾਰਾਂ ਰਾਹੀਂ ਲਾਗੂ ਕਰਨ ਦਾ ਐਲਾਨ ਕਰਨਾ ਸੀ । ਭਗਤ ਸਿੰਘ ਹੋਰਾਂ ਨੇ ਇਸ ਐਲਾਨ ਵਿਰੁੱਧ ਰੋਸ ਪ੍ਰਗਟ ਕਰਨ ਲਈ ਪਟਾਕੇ ਵਾਲੇ ਦੋ ਬੰਬ ਅਸੈਂਬਲੀ ਵਿੱਚ ਸੁੱਟੇ । ਸਾਰਾ ਹਾਲ ਕੰਬ ਗਿਆ ਤੇ ਧੂੰਏਂ ਨਾਲ ਭਰ ਗਿਆ । ਸਭ ਪਾਸੇ ਜਾਨ ਬਚਾਉਣ ਦੀ ਭਾਜੜ ਮਚ ਗਈ । ਭਗਤ ਸਿੰਘ ਤੇ ਦੱਤ ਉੱਥੋਂ ਭੱਜੇ ਨਾ , ਸਗੋਂ ਉਹਨਾਂ ਨੂੰ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦਿਆਂ ਗ੍ਰਿਫਤਾਰੀ ਦੇ ਦਿੱਤੀ । ਉਹਨਾ ਦੇ ਅਸੈਂਬਲੀ ਵਿੱਚ ਸੁੱਟੇ ਇਸ਼ਤਿਹਾਰਾਂ ਉੱਪਰ ਲਿਖਿਆ ਹੋਇਆ ਸੀ ਕਿ ਉਹਨਾਂ ਨੇ ਬੰਬ ਕਿਸੇ ਨੂੰ ਮਾਰਨ ਲਈ ਨਹੀਂ ਸੁੱਟੇ, ਸਗੋਂ ਅੰਗਰੇਜ਼ਾਂ ਦੇ ਕੰਨ ਖੋਲ੍ਹਣ ਲਈ ਸੁੱਟੇ ਹਨ ।

**ਕੈਦ ਤੇ ਫਾਂਸੀ-** ਸਰਕਾਰ ਨੇ ਮੁਕੱਦਮੇ ਦਾ ਡਰਾਮਾ ਰੱਚ ਕੇ ਬੰਬ ਸੁੱਟਣ ਦੇ ਦੋਸ਼ ਵਿੱਚ ਭਗਤ ਸਿੰਘ ਤੇ ਬੀ . ਕੇ . ਦੱਤ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ । ਇਹਨਾਂ ਉੱਤੇ ਸਾਂਡਰਸ ਦੇ ਕਤਲ ਦਾ ਮੁਕੱਦਮਾ ਚਲਦਾ ਰਿਹਾ । ਅੰਗਰੇਜ਼ਾਂ ਦੀ ਇਸ ਮੰਤਵ ਲਈ ਬਣਾਈ ਸਪੈਸ਼ਲ ਅਦਾਲਤ ਸਾਹਮਣੇ ਭਗਤ ਸਿੰਘ ਹੋਰਾਂ ਨੇ ਸਭ ਕੁੱਝ ਸੱਚ ਦੱਸ ਦਿੱਤਾ ਤੇ ਨਾਲ ਹੀ ਬੜੀ ਨਿਡਰਤਾ ਨਾਲ ਅੰਗਰੇਜ਼ਾਂ ਦੀਆਂ ਕਾਲੀਆਂ ਕਰਤੂਤਾਂ ਤੋਂ ਪਰਦਾ ਲਾਹਿਆ। 7 ਅਕਤੂਬਰ 1930 ਨੂੰ ਭਗਤ ਸਿੰਘ , ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ । ਉਹ ਹੱਸਦੇ - ਹੱਸਦੇ ਫਾਂਸੀ ਦਾ ਰੱਸਾ ਚੁੰਮਣ ਲਈ ਤਿਆਰ ਹੋ ਗਏ । ਉਹ ਅਕਸਰ ਗਾਇਆ ਕਰਦਾ ਸੀ

**ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।**
**ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ ।**



ਇਸ ਸਮੇਂ ਗਾਂਧੀ ਜੀ ਦਾ ਲੂਣ ਦਾ ਮੋਰਚਾ ਵੀ ਚਲ ਰਿਹਾ ਸੀ ਤੇ ਲੋਕ ਬੜੇ ਜੋਸ਼ ਵਿੱਚ ਸਨ । ਗਾਂਧੀ - ਇਰਵਿਨ ਸਮਝੌਤੇ ਨਾਲ ਇਹ ਮੋਰਚਾ ਖ਼ਤਮ ਹੋ ਗਿਆ । ਲੋਕ ਹੁਣ ਇਹ ਆਸ ਕਰ ਰਹੇ ਸਨ ਕਿ ਹੋਰਨਾਂ ਕੈਦੀਆਂ ਨਾਲ ਭਗਤ ਸਿੰਘ , ਰਾਜਗੁਰੂ ਤੇ ਸੁਖਦੇਵ ਨੂੰ ਵੀ ਛੱਡ ਦਿੱਤਾ ਜਾਵੇਗਾ। ਅੰਗਰੇਜ਼ ਸਰਕਾਰ ਨੇ ਲੋਕਾਂ ਤੋਂ ਡਰਦਿਆਂ 23 ਮਾਰਚ, 1931 ਨੂੰ ਰਾਤ ਵੇਲੇ ਹੀ ਉਹਨਾਂ ਨੂੰ ਫਾਂਸੀ ਲਾ ਦਿੱਤੀ । ਲੋਥਾਂ ਵਾਰਸਾਂ ਦੇ ਹਵਾਲੇ ਕਰਨ ਦੀ ਥਾਂ ਪਿਛਲੇ ਪਾਸਿਓਂ ਚੋਰ ਦਰਵਾਜੇ ਰਾਹੀਂ ਕੱਢ ਕੇ ਫਿਰੋਜ਼ਪੁਰ ਲੈ ਗਏ ਤਿੰਨਾਂ ਦੀ ਇਕੱਠੀ ਚਿਤਾ ਬਣਾ ਕੇ ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ । ਅੱਧ – ਸੜੀਆਂ ਲਾਸ਼ਾਂ ਪੁਲਿਸ ਨੇ ਸਤਲੁਜ ਦਰਿਆ ਵਿੱਚ ਰੋੜ੍ਹ ਦਿੱਤੀਆਂ ।

**ਅਜ਼ਾਦੀ ਦੀ ਲਹਿਰ ਦਾ ਹੋਰ ਤੇਜ਼ ਹੋਣਾ-** ਭਗਤ ਸਿੰਘ ਦੀ ਕੁਰਬਾਨੀ ਨੇ ਸਾਰੇ ਭਾਰਤ ਵਿੱਚ ਅੰਗਰੇਜ਼ ਵਿਰੋਧੀ ਨਫਰਤ ਦੇ ਘੋਲ ਨੂੰ ਹੋਰ ਵੀ ਤੇਜ਼ ਕਰ ਦਿੱਤਾ ਤੇ ਇਸ ਨਾਲ ਹੋਰਨਾਂ ਨੌਜਵਾਨਾਂ ਨੂੰ ਕੁਰਬਾਨੀਆਂ ਕਰਨ ਦਾ ਉਤਸ਼ਾਹ ਮਿਲਿਆ । ਲੋਕ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਹੋਰ ਵੀ ਜ਼ੋਰ ਨਾਲ ਘੋਲ ਕਰਨ ਲੱਗੇ । ਅੰਗਰੇਜ਼ ਭਗਤ ਸਿੰਘ ਦੇ ਪੈਰ ਚਿੰਨ੍ਹਾਂ ਤੇ ਚਲਣ ਵਾਲੇ ਅਨੇਕਾਂ ਸਿਰਲੱਥ ਸੂਰਮਿਆਂ ਦੇ ਘੋਲ ਅੱਗੇ ਗੋਡੇ ਟੇਕ ਅਗਸਤ 1947 ਨੂੰ ਭਾਰਤ ਛੱਡ ਗਏ ਸਾਰ - ਅੰਸ਼- ਭਗਤ ਸਿੰਘ ਆਪਣੀ ਮਾਤਾ ਦਾ ਇੱਕ ਮਹਾਨ ਸਪੁੱਤਰ ਸੀ ਜਿਸ ਦੀ ਸਿਰਲੱਥ ਕੁਰਬਾਨੀ ਸਦਕਾ ਅੱਜ ਅਸੀਂ ਇੱਕ ਅਜ਼ਾਦ ਦੇਸ਼ ਕਹਾਉਂਦੇ ਹਾਂ । ਭਾਰਤ ਦੀ ਜਨਤਾ ਸਦਾ ਇਸ ਸੂਰਮੇ ਨੂੰ ਯਾਦ ਕਰੇਗੀ ।

**ਸ਼ਹੀਦੋਂ ਕੀ ਚਿਤਾਓਂ ਪਰ ਲਗੇ ਹਰ ਵਰਸ ਮੇਲੇ,**
**ਵਤਨ ਪੇ ਮਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ**

